Punjab Government Gazette

Published by Authority

No. 37] CHANDIGARH, FRIDAY, SEPTEMBER 12 , 2025 (BHADRA 21, 1947 SAKA)

PART I

Punjab Government Notifications and Orders

ਰਾਜ ਚੋਣ ਕਮਿਸ਼ਨ, ਪੰਜਾਬ
STATE ELECTION COMMISSION, PUNJAB

✉@: secpb@punjab.gov.in
https://sec.punjab.gov.in

ਐਸ.ਸੀ.ਓ: 49, ਸੈਕਟਰ 17-ਈ ,ਚੰਡੀਗੜ੍ਹ, 160017.
☎: 0172- 2771226, 2710162.

NOTIFICATION

The 25th August, 2025

No. SEC/SAP/ET/2025/624.-In pursuance of the provisions of Section 93 of the Punjab State Election Commission Act, 1994, the State Election Commission hereby notifies the order of the Election Tribunal, Malout for general information.

ਬਾ-ਅਦਾਲਤ ਜਨਾਬ ਉਪ ਮੰਡਲ ਮੈਜਿਸਟਰੇਟ-ਕਮ-ਚੋਣ ਟ੍ਰਿਬਿਊਨਲ, ਮਲੋਟ।

ਕੇਸ ਨੰਬਰ	ਰਜੂਆ	ਫੈਸਲਾ	ਕਿਸਮ ਕੇਸ	ਪਿੰਡ ਦਾ ਨਾਮ
12/ਚੋਣਾਂ	18.11.2024	16.06.2025	ਚੋਣ ਪਟੀਸ਼ਨ (ਸਰਪੰਚ)	ਅਰਨੀਵਾਲਾ ਵਜ਼ੀਰਾ

Manjeet Singh Aged about 39 years s/o Fauja Singh r/o Village Arniwala Vazira, Tehsil Malout, District Sri Muktsar Sahib.

...Petitioner..

Versus

1) Jeet Ram s/o Ami Chand

2) Surjeet Ram s/o Banwari Ram.

3) Rashpal Singh s/o Sher Singh

all residents Vill Arniwala Vazira, Tehsil Malout, Distt. Sri Muktsar Sahib.

4) Parminder Singh (Presiding Officer, Booth No. 34 of Arniwala Vazira), Master Education Senior Secondry School Lambi.

...Respondents..

Election Petition under Section 76, 89, 90 of Punjab State Election Commission Act 1994 read with Punjab Panchayat Election Rules, to the effect that the election of Respondent No. 3 be declared as void to the office of Sarpanch Rashpal Singh to Gram Panchayat Village Arniwala Vazira u/s 89 (b) (c) read with S.88 of the Punjab State Election Commission Act And further to declare the petitioner duly elected as Sarpanch of Gram Panchayat village Arniwala Vazira by recounting the votes or in the alternative fresh election may be ordered by way of oral and documentary evidence.

ਹਾਜਰ: ਸ਼੍ਰੀ ਮਲਕੀਤ ਸਿੰਘ ਵਕੀਲ ਮਾਨ ਵੱਲੋਂ ਪਟੀਸ਼ਨਰ ਵਾ ਪਟੀਸ਼ਨਰ ਖੁਦ
ਸ਼੍ਰੀ ਕਮਲਪ੍ਰੀਤ ਸਿੰਘ ਵਕੀਲ ਵੱਲੋਂ ਉਤਰਵਾਦੀ ਨੰਬਰ 1
ਸ਼੍ਰੀ ਅਜੈਬ ਸਿੰਘ ਸੰਧੂ ਵਕੀਲ ਵੱਲੋਂ ਉਤਰਵਾਦੀ ਨੰਬਰ 2, 3

ਹੁਕਮ:

ਇਸ ਕੇਸ ਦੇ ਸੰਖੇਪ ਹਾਲਾਤ ਇਸ ਪ੍ਰਕਾਰ ਹਨ ਕਿ ਇੱਕ ਚੋਣ ਪਟੀਸ਼ਨ ਵੱਲੋਂ ਸ਼੍ਰੀ ਮਨਜੀਤ ਸਿੰਘ ਨੇ ਆਪਣੇ ਵਕੀਲ ਸ਼੍ਰੀ ਮਲਕੀਤ ਸਿੰਘ ਮਾਨ ਰਾਹੀਂ ਇਸ ਅਦਾਲਤ ਵਿਚ ਪੇਸ਼ ਕੀਤੀ। ਪਟੀਸ਼ਨ ਰਾਹੀਂ ਵਿਦਵਾਨ ਵਕੀਲ ਨੇ ਦੱਸਿਆ ਕਿ ਗਰਾਮ ਪੰਚਾਇਤ ਪਿੰਡ ਅਰਨੀਵਾਲਾ ਵਜ਼ੀਰਾ ਵਿਖੇ ਸਰਪੰਚ ਦੀਆਂ ਚੋਣਾਂ ਹੋਈਆਂ ਸਨ। ਜਿਸ ਵਿਚ ਸ਼੍ਰੀ ਰਛਪਾਲ ਸਿੰਘ ਉਤਰਵਾਦੀ ਨੰਬਰ 1 ਚੋਣਾਂ ਜਿੱਤ ਕੇ ਸਰਪੰਚ ਚੁਣਿਆ ਗਿਆ ਹੈ। ਜਿੱਤੇ ਹੋਏ ਉਮੀਦਵਾਰ ਨੂੰ 311 ਵੋਟਾਂ ਪ੍ਰਾਪਤ ਹੋਈਆਂ ਹਨ ਜਦ ਕਿ ਪਟੀਸ਼ਨਰ ਨੂੰ 309 ਵੋਟਾਂ ਪ੍ਰਾਪਤ ਹੋਈਆਂ ਹਨ। ਪਟੀਸ਼ਨਰ ਦੀ 2 ਵੋਟਾਂ ਨਾਲ ਹਾਰ ਹੋਈ ਹੈ ਅਤੇ 27 ਵੋਟਾਂ ਕੈਂਸਲ ਕੀਤੀਆਂ ਗਈਆਂ ਹਨ। ਪੋਲਿੰਗ ਸਟਾਫ ਵੱਲੋਂ ਵੋਟਾਂ ਦੀ ਗਿਣਤੀ ਸਹੀ ਤਰੀਕੇ ਨਾਲ ਨਹੀਂ ਕੀਤੀ ਗਈ। ਪੋਲਿੰਗ ਸਟਾਫ ਨੂੰ ਮੌਕਾ ਪਰ ਦੁਬਾਰਾ ਗਿਣਤੀ ਕਰਨ ਲਈ ਬੇਨਤੀ ਵੀ ਕੀਤੀ ਗਈ, ਪਰੰਤੂ ਪੋਲਿੰਗ ਸਟਾਫ ਨੇ ਗਿਣਤੀ ਨਹੀਂ ਕੀਤੀ। ਵੀਡੀਓਗਰਾਫੀ ਵੀ ਸਹੀ ਤਰੀਕੇ ਨਾਲ ਨਹੀਂ ਹੋਈ। ਇਸ ਲਈ ਗਰਾਮ ਪੰਚਾਇਤ ਚੋਣਾਂ ਪਿੰਡ ਅਰਨੀਵਾਲਾ ਵਜ਼ੀਰਾ ਵਿਖੇ ਸਰਪੰਚ ਦੀਆਂ ਵੋਟਾਂ ਦੀ ਗਿਣਤੀ ਦੁਬਾਰਾ ਪਾਰਦਰਸ਼ਤਾ ਨਾਲ ਕਰਵਾਈ ਜਾਵੇ ਅਤੇ ਜਾਂ ਇਲੈਕਸ਼ਨ ਦੁਬਾਰਾ ਕਰਵਾਈ ਜਾਵੇ।

2) ਪਟੀਸ਼ਨ ਪ੍ਰਾਪਤ ਹੋਣ ਤੇ ਦਰਜ ਰਜਿਸਟਰ ਕੀਤੀ ਗਈ। ਉਤਰਵਾਦੀਆਨ ਦੀ ਤਲਬੀ ਕੀਤੀ ਗਈ। ਉਤਰਵਾਦੀ ਨੰਬਰ 1 ਦੀ ਤਰਫੋਂ ਸ਼੍ਰੀ ਕਮਲਪ੍ਰੀਤ ਸਿੰਘ ਵਕੀਲ ਅਤੇ ਉਤਰਵਾਦੀ ਨੰਬਰ 2, 3 ਦੀ ਤਰਫੋਂ ਸ਼੍ਰੀ ਅਜੈਬ ਸਿੰਘ ਸੰਧੂ ਵਕੀਲ ਨੇ ਵਕਾਲਤਨਾਮਾ ਪੇਸ਼ ਕੀਤਾ।

3) ਪਟੀਸ਼ਨਰ ਮਨਜੀਤ ਸਿੰਘ ਦੀ ਤਰਫੋਂ ਪੇਸ਼ ਹੋਏ ਵਿਦਵਾਨ ਵਕੀਲ ਸ਼੍ਰੀ ਮਲਕੀਤ ਸਿੰਘ ਨੇ ਆਪਣੀ ਬਹਿਸ ਸ਼ੁਰੂ ਕਰਦੇ ਸਮੇਂ ਦੱਸਿਆ ਕਿ ਪਿੰਡ ਅਰਨੀਵਾਲਾ ਵਜ਼ੀਰਾ ਵਿਖੇ ਸਰਪੰਚ ਦੀਆਂ ਚੋਣਾਂ ਹੋਈਆਂ ਸਨ। ਜਿਸ ਵਿਚ ਸ਼੍ਰੀ ਰਛਪਾਲ ਸਿੰਘ ਉਤਰਵਾਦੀ ਨੰਬਰ 3 ਚੋਣਾਂ ਜਿੱਤ ਕੇ ਸਰਪੰਚ ਚੁਣਿਆ ਗਿਆ ਹੈ। ਜਿੱਤੇ ਹੋਏ ਉਮੀਦਵਾਰ ਨੂੰ 311 ਵੋਟਾਂ ਪ੍ਰਾਪਤ ਹੋਈਆਂ ਹਨ

ਜਦ ਕਿ ਪਟੀਸ਼ਨਰ ਨੂੰ 309 ਵੋਟਾਂ ਪ੍ਰਾਪਤ ਹੋਈਆਂ ਹਨ। ਪਟੀਸ਼ਨਰ ਦੀ 2 ਵੋਟਾਂ ਨਾਲ ਹਾਰ ਹੋਈ ਹੈ ਅਤੇ 27 ਵੋਟਾਂ ਕੈਂਸਲ ਕੀਤੀਆਂ ਗਈਆਂ ਹਨ। ਪੋਲਿੰਗ ਸਟਾਫ ਨੂੰ ਵਾਰ-ਵਾਰ ਬੇਨਤੀ ਕਰਨ ਦੇ ਬਾਵਜੂਦ ਵੋਟਾਂ ਦੀ ਗਿਣਤੀ ਦੁਬਾਰਾ ਨਹੀਂ ਕਰਵਾਈ ਗਈ। ਪੋਲਿੰਗ ਸਟਾਫ ਨੂੰ ਮੌਕਾ ਪਰ ਦੁਬਾਰਾ ਗਿਣਤੀ ਕਰਨ ਲਈ ਬੇਨਤੀ ਵੀ ਕੀਤੀ ਗਈ, ਪਰੰਤੂ ਪੋਲਿੰਗ ਸਟਾਫ ਨੇ ਗਿਣਤੀ ਨਹੀਂ ਕੀਤੀ। ਵੀਡੀਓਗਰਾਫੀ ਵੀ ਸਹੀ ਤਰੀਕੇ ਨਾਲ ਨਹੀਂ ਹੋਈ। ਇੱਥੇ ਇੱਕ ਹੋਰ ਸ਼ੱਕ ਵਾਲੀ ਗੱਲ ਪੈਦਾ ਹੁੰਦੀ ਹੈ ਕਿ ਮੌਕਾ ਪਰ ਗਿਣਤੀ ਸਮੇਂ ਕੁੱਝ ਸਮਾਂ ਬਿਜਲੀ ਵੀ ਬੰਦ ਰਹੀ ਹੈ। ਜਿਸ ਕਰਕੇ ਗਿਣਤੀ ਸਮੇਂ ਕੋਈ ਘਪਲਾ ਹੋਣ ਦੀ ਸੰਭਾਵਨਾ ਹੈ। ਅੰਤ ਵਿਚ ਵਿਦਵਾਨ ਵਕੀਲ ਨੇ ਬੇਨਤੀ ਕੀਤੀ ਕਿ ਗਰਾਮ ਪੰਚਾਇਤ ਚੋਣਾਂ ਪਿੰਡ ਅਰਨੀਵਾਲਾ ਵਜ਼ੀਰਾ ਵਿਖੇ ਸਰਪੰਚ ਦੀਆਂ ਵੋਟਾਂ ਦੀ ਗਿਣਤੀ ਦੁਬਾਰਾ ਪਾਰਦਰਸ਼ਤਾ ਨਾਲ ਕਰਵਾਈ ਜਾਵੇ ਅਤੇ ਜਾਂ ਇਲੈਕਸ਼ਨ ਦੁਬਾਰਾ ਕਰਵਾਈ ਜਾਵੇ।

4) ਉਤਰਵਾਦੀ ਨੰਬਰ 2 ਅਤੇ 3 ਦੀ ਤਰਫੋਂ ਪੇਸ਼ ਹੋਏ ਵਿਦਵਾਨ ਵਕੀਲ ਸ੍ਰੀ ਅਜੈਬ ਸਿੰਘ ਸੰਧੂ ਨੇ ਆਪਣੀ ਬਹਿਸ ਸ਼ੁਰੂ ਕਰਦੇ ਸਮੇਂ ਦੱਸਿਆ ਕਿ ਉਤਰਵਾਦੀ ਧਿਰ ਵੱਲੋਂ ਲਗਾਏ ਗਏ ਇਤਰਾਜ਼ ਦਰੁਸਤ ਨਾ ਹਨ ਜੋ ਕਿ ਮੁੱਢੋਂ ਹੀ ਖਾਰਜ ਕੀਤੇ ਜਾਣੇ ਯੋਗ ਹਨ। ਕਿਉਂ ਜੋ ਮੌਕਾ ਪਰ ਗਿਣਤੀ ਬਿਲਕੁਲ ਸਹੀ ਤਰੀਕੇ ਨਾਲ ਹੋਈ ਹੈ। ਜਿਸ ਦੀ ਪੁਸ਼ਟੀ ਪ੍ਰੀਜ਼ਾਈਡਿੰਗ ਅਫਸਰ ਦੇ ਜਵਾਬ ਵਿਚੋਂ ਕੀਤੀ ਜਾ ਸਕਦੀ ਹੈ। ਪ੍ਰੀਜ਼ਾਈਡਿੰਗ ਅਫਸਰ ਦੇ ਜਵਾਬ ਵਿਚ ਇਹ ਵੀ ਲਿਖਿਆ ਹੈ ਕਿ ਹਾਰੇ ਹੋਏ ਉਮੀਦਵਾਰ ਦੀ ਬੇਨਤੀ ਨੂੰ ਮੁੱਖ ਰਖਦੇ ਹੋਏ ਮੌਕਾ ਪਰ 3 ਵਾਰ ਗਿਣਤੀ ਕੀਤੀ ਗਈ ਹੈ। ਮੌਕਾ ਪਰ ਪਟੀਸ਼ਨਰ ਖੁਦ ਵਾ ਉਸਦਾ ਏਜੰਟ ਹਾਜਰ ਸੀ ਅਤੇ ਵੀਡੀਓ ਗਰਾਫੀ ਵੀ ਪੂਰੇ ਸਹੀ ਤਰੀਕੇ ਨਾਲ ਹੋਈ ਹੈ। ਪਟੀਸ਼ਨਰ ਖੁਦ ਵਾ ਉਸ ਦਾ ਏਜੰਟ ਪੜ੍ਹੇ-ਲਿਖੇ ਵਿਅਕਤੀ ਹਨ। ਮੌਕਾ ਪਰ ਜੋ ਦਸਤਾਵੇਜ਼ ਆਦਿ ਦਸਤਖਤ ਕਰਵਾਏ ਗਏ ਹਨ। ਪੋਲਿੰਗ ਪਾਰਟੀ ਵੱਲੋਂ ਪਟੀਸ਼ਨਰ ਵਾ ਉਸ ਦੇ ਏਜੰਟ ਨੂੰ ਪਹਿਲਾਂ ਦਿਖਾਏ ਗਏ ਹਨ। ਜਿਸ ਤੇ ਪਟੀਸ਼ਨਰ ਅਤੇ ਉਸ ਦੇ ਏਜੰਟ ਵੱਲੋਂ ਪੂਰੀ ਤਸੱਲੀ ਪ੍ਰਗਟਾਈ ਗਈ ਹੈ। ਇਸ ਲਈ ਗਿਣਤੀ ਕਰਨ ਸਮੇਂ ਘਪਲੇ ਆਦਿ ਦੀ ਕੋਈ ਗੁੰਜਾਇਸ਼ ਨਹੀਂ ਹੈ। ਅੰਤ ਵਿਚ ਵਿਦਵਾਨ ਵਕੀਲ ਨੇ ਬੇਨਤੀ ਕੀਤੀ ਕਿ ਇਸ ਪਟੀਸ਼ਨ ਵਿਚ ਕੋਈ ਸਚਾਈ ਨਾ ਹੈ। ਇਹ ਪਟੀਸ਼ਨ ਖਾਰਜ ਕੀਤੀ ਜਾਵੇ।

5) ਪਟੀਸ਼ਨਰ ਦੇ ਵਕੀਲ ਵੱਲੋਂ ਜ਼ਿਰਾਹ ਕਰਦੇ ਸਮੇਂ ਅਦਾਲਤ ਦੇ ਧਿਆਨ ਵਿਚ ਲਿਆਂਦਾ ਕਿ ਜੇਕਰ ਕਿ ਜੇਕਰ ਗਿਣਤੀ 3 ਵਾਰ ਕੀਤੀ ਗਈ ਤਾਂ ਉਸ ਦਾ ਸਬੂਤ ਪੇਸ਼ ਕੀਤਾ ਜਾਵੇ। ਪਟੀਸ਼ਨਰ ਨੂੰ ਧੋਖੇ ਵਿਚ ਰੱਖ ਕੇ ਗਿਣਤੀ ਸਿਰਫ ਇੱਕ ਵਾਰ ਹੀ ਕਰਵਾਈ ਗਈ ਹੈ ਅਤੇ ਪਟੀਸ਼ਨਰ ਦੇ ਵਾਰ-ਵਾਰ ਬੇਨਤੀਆਂ ਕਰਨ ਤੇ ਵੀ ਵੋਟਾਂ ਦੀ ਦੁਬਾਰਾ ਗਿਣਤੀ ਨਹੀਂ ਕੀਤੀ ਗਈ। ਇਸ ਲਈ ਪਿੰਡ ਅਰਨੀਵਾਲਾ ਵਜ਼ੀਰਾ ਵਿਖੇ ਹੋਈਆਂ ਸਰਪੰਚ ਦੀਆਂ ਚੋਣਾਂ ਦੀ ਗਿਣਤੀ ਦੁਬਾਰਾ ਕਰਵਾਈ ਜਾਵੇ।

6) ਉਤਰਵਾਦੀ ਨੰਬਰ 1 ਦੀ ਤਰਫੋਂ ਹਾਜਰ ਹੋਏ ਵਿਦਵਾਨ ਵਕੀਲ ਕਮਲਪ੍ਰੀਤ ਸਿੰਘ ਨੇ ਆਪਣੀ ਬਹਿਸ ਸ਼ੁਰੂ ਕਰਦੇ ਸਮੇਂ ਦੱਸਿਆ ਕਿ ਪਿੰਡ ਅਰਨੀਵਾਲਾ ਵਜ਼ੀਰਾ ਵਿਖੇ ਸਰਪੰਚ ਦੀਆਂ ਹੋਈਆਂ ਚੋਣਾਂ ਵਿਚ ਬਤੌਰ ਸਰਪੰਚ ਉਤਰਵਾਦੀ ਸ੍ਰੀ ਜੀਤ ਰਾਮ ਉਮੀਦਵਾਰ ਸੀ। ਉਤਰਵਾਦੀ ਸ੍ਰੀ ਜੀਤ ਰਾਮ ਉਮੀਦਵਾਰ ਨੂੰ 84 ਵੋਟਾਂ ਹਾਸਲ ਹੋਈਆਂ ਹਨ। ਪਰੰਤੂ ਵੋਟਾਂ ਦੀ ਗਿਣਤੀ ਸਹੀ ਤਰੀਕੇ ਨਾਲ ਨਹੀਂ ਹੋਈ। ਇਸ ਲਈ ਪਟੀਸ਼ਨ ਵਿਚ ਦਰਸਾਏ ਤੱਥ ਸਹੀ ਵਾ ਦਰੁਸਤ ਹਨ। ਅੰਤ ਵਿਚ ਵਿਦਵਾਨ ਵਕੀਲ ਨੇ ਬੇਨਤੀ ਕੀਤੀ ਕਿ ਪਿੰਡ ਅਰਨੀਵਾਲਾ ਵਜ਼ੀਰਾ ਵਿਖੇ ਸਰਪੰਚ ਦੀਆਂ ਹੋਈਆਂ ਚੋਣਾਂ ਵਿੱਚ ਵੋਟਾਂ ਦੀ ਗਿਣਤੀ ਨਵੇਂ ਸਿਰੇ ਤੋਂ ਕਰਵਾਈ ਜਾਵੇ।

7) ਉਤਰਵਾਦੀ ਨੰਬਰ 4 ਸ਼੍ਰੀ ਪਰਮਿੰਦਰ ਸਿੰਘ ਪ੍ਰੀਜ਼ਾਈਡਿੰਗ ਅਫਸਰ ਵੱਲੋਂ ਆਪਣਾ ਜਵਾਬ ਪੇਸ਼ ਕਰਦੇ ਸਮੇਂ ਦੱਸਿਆ ਕਿ ਪਟੀਸ਼ਨਰ ਵੱਲੋਂ ਪਟੀਸ਼ਨ ਵਿਚ ਦਰਸਾਏ ਤੱਥ ਗਲਤ ਹਨ ਅਤੇ ਖਾਰਜ ਕੀਤੇ ਜਾਣੇ ਯੋਗ ਹਨ ਕਿਉਂ ਜੋ ਵੋਟਾਂ ਸਮੇਂ ਪੋਲਿੰਗ ਅਤੇ ਗਿਣਤੀ ਬੜੀ ਹੀ ਪਾਰਦਰਸ਼ਤਾ ਨਾਲ ਹੋਈ ਹੈ। ਪੋਲਿੰਗ ਅਤੇ ਗਿਣਤੀ ਸਮੇਂ ਵੀਡੀਓ ਗਰਾਫੀ ਹੋਈ ਹੈ। ਵੋਟਾਂ ਬੜੇ ਹੀ ਅਮਨ-ਅਮਾਨ ਨਾਲ ਪਈਆਂ ਹਨ ਅਤੇ ਕਿਸੇ ਵੀ ਕਿਸਮ ਦੀ ਕੋਈ ਅਣ-ਸੁਖਾਵੀਂ ਘਟਨਾ ਨਹੀਂ ਵਾਪਰੀ । ਇਸ ਲਈ ਪਟੀਸ਼ਨਰ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ ਖਾਰਜ ਕੀਤੀ ਜਾਣੀ ਯੋਗ ਹੈ।ਪਟੀਸ਼ਨਰ ਧਿਰ ਦੇ ਵਿਦਵਾਨ ਵਕੀਲ ਦੀ ਦਲੀਲ ਨਾਲ ਸਹਿਮਤ ਹੁੰਦੇ ਹੋਏ ਕਿ ਜੇਕਰ ਵੋਟਾਂ ਦੀ ਗਿਣਤੀ ਇੱਕ ਵਾਰ ਤੋਂ ਵੱਧ ਹੋਈ ਹੁੰਦੀ ਤਾਂ ਇਸ ਸਬੰਧੀ ਰਿਕਾਰਡ ਤੇ ਸਬੂਤ ਜਰੂਰ ਹੁੰਦਾ ਅਤੇ ਪ੍ਰੀਜਾਈਡਿੰਗ ਅਫਸਰ ਵੱਲੋਂ ਇਸਦਾ ਕੋਈ ਸਬੂਤ ਪੇਸ਼ ਕੀਤਾ ਜਾਂਦਾ । ਪਟੀਸ਼ਨਰ ਧਿਰ ਦੇ ਵਿਦਵਾਨ ਵਕੀਲ ਦੀ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ ਵੋਟਾਂ ਦੀ ਮੁੜ ਗਿਣਤੀ ਕਰਨ ਦਾ ਹੁਕਮ ਦਿੱਤਾ ਜਾਂਦਾ ਹੈ, ਕਿਉਂਕਿ ਰੱਦ ਵੋਟਾਂ 27 ਹਨ ਅਤੇ ਜਿੱਤ-ਹਾਰ ਦਾ ਅੰਤਰ ਸਿਰਫ 02 ਵੋਟਾਂ ਦਾ ਹੈ। ਇਸ ਲਈ ਪਿੰਡ ਅਰਨੀਵਾਲਾ ਵਜੀਰਾ ਦੇ ਸਰਪੰਚ ਦੀ ਮੁੜ ਗਿਣਤੀ ਦਫਤਰ ਨਾਇਬ ਤਹਿਸੀਲਦਾਰ, ਲੰਬੀ ਵਿਖੇ ਮਿਤੀ 16-06-2025 ਨੂੰ ਨਿਰਧਾਰਤ ਕੀਤੀ ਜਾਂਦੀ ਹੈ ਅਤੇ ਖਜਾਨਾ ਦਫਤਰ ਲੰਬੀ ਤੋਂ ਪੋਲਿੰਗ ਦਾ ਸਮਾਨ ਲੈਣ ਲਈ ਰਿਟਰਨਿੰਗ ਅਫਸਰ/ਸਹਾਇਕ ਰਿਟਰਨਿੰਗ ਅਫਸਰ ਅਤੇ ਗਿਣਤੀ ਸਟਾਫ ਪਾਬੰਦ ਕੀਤਾ ਜਾਂਦਾ ਹੈ।

8) ਰਿਟਰਨਿੰਗ ਅਫਸਰ ਦੀ ਰਿਪੋਰਟ ਮੁਤਾਬਕ ਅੱਜ ਵੋਟਾਂ ਦੀ Re-counting ਵਾਲੇ ਦਿਨ ਨਿਯਤ ਸਮੇਂ ਤੇ ਗਿਣਤੀ ਸਟਾਫ ਅਤੇ ਦੋਵੇਂ ਉਮੀਦਵਾਰ ਸ੍ਰੀ ਰਛਪਾਲ ਸਿੰਘ ਅਤੇ ਸ਼੍ਰੀ ਮਨਜੀਤ ਸਿੰਘ ਹਾਜਰ ਆਏ । Counting Staff ਵੱਲੋਂ ਉਮੀਦਵਾਰਾਂ ਦੀ ਹਾਜਰੀ ਵਿੱਚ

ਖਜਾਨਾ ਦਫਤਰ ਲੰਬੀ ਤੋਂ ਰਿਕਾਰਡ ਪ੍ਰਾਪਤ ਕੀਤਾ ਅਤੇ ਰਿਕਾਰਡ ਨੂੰ ਚੈੱਕ ਕਰਨ ਤੋਂ ਇਹ ਪਤਾ ਲੱਗਾ ਕਿ Rejected Votes ਦਾ ਬੰਡਲ ਟਰੰਕ ਵਿੱਚ ਨਹੀਂ ਹੈ, ਜਿਸ ਕਰਕੇ Counting Staff ਵੱਲੋਂ Re-counting ਸ਼ੁਰੂ ਨਹੀਂ ਕੀਤੀ ਗਈ ਅਤੇ Counting Staff ਦੇ ਧਿਆਨ ਵਿੱਚ ਆਇਆ ਕਿ ਸ਼ਾਇਦ ਰੱਦ ਵੋਟਾਂ ਨਾਨ-ਸਟੈਚਰੀ ਰਿਕਾਰਡ ਵਿੱਚ ਹੋ ਸਕਦੀਆਂ ਹਨ, ਜੋ ਕਿ ਬੀ.ਡੀ.ਪੀ.ਓ. ਦਫਤਰ ਲੰਬੀ ਵਿਖੇ ਜਮਾਂ ਹੈ। ਇਸ ਤੋਂ ਬਾਅਦ ਉਸ ਵੱਲੋਂ, ਸ਼੍ਰੀ ਅਮਨਦੀਪ ਸਿੰਘ ਸੀਨੀਅਰ ਸਹਾਇਕ ਚੋਣ ਇੰਚਾਰਜ ਵਿਧਾਨ ਸਭਾ ਹਲਕਾ ਲੰਬੀ, ਨਾਲ ਬੀ.ਡੀ.ਪੀ.ਓ. ਦਫਤਰ ਲੰਬੀ ਵਿਖੇ ਨਾਨ-ਸਟੈਚਰੀ ਰਿਕਾਰਡ ਚੈੱਕ ਕਰਨ ਤੇ ਰੱਦ ਹੋਇਆਂ ਵੋਟਾਂ ਦਾ ਸੀਲਡ ਬੰਡਲ ਪ੍ਰਾਪਤ ਹੋਇਆ ਅਤੇ ਉਸ ਵੱਲੋਂ ਇਹ ਸੀਲਡ ਬੰਡਲ Counting Staff ਨੂੰ ਦੋਵਾਂ ਉਮੀਦਵਾਰਾਂ ਦੀ ਹਾਜਰੀ ਵਿੱਚ ਦਿੱਤਾ ਗਿਆ ਅਤੇ ਉਮੀਦਵਾਰਾਂ ਦੀ ਹਾਜਰੀ ਵਿੱਚ Re-counting ਸ਼ੁਰੂ ਕੀਤੀ ਗਈ। Re-counting ਤੋਂ ਬਾਅਦ ਨਤੀਜੇ ਵਿੱਚ ਫਰਕ ਆਇਆ। ਜਿਸ ਮੁਤਾਬਕ ਪਹਿਲਾਂ ਸ਼੍ਰੀ ਰਛਪਾਲ ਸਿੰਘ 02 ਵੋਟਾਂ ਨਾਲ ਜੇਤੂ ਸੀ ਅਤੇ ਹੁਣ Re-counting ਤੋਂ ਬਾਅਦ ਸ਼੍ਰੀ ਮਨਜੀਤ ਸਿੰਘ 08 ਵੋਟਾਂ ਨਾਲ ਜੇਤੂ ਬਣਦਾ ਹੈ। ਗਿਣਤੀ ਦੀ ਸਾਰੀ ਕਾਰਵਾਈ ਪੂਰੀ ਹੋਣ ਤੱਕ ਦੋਵੇਂ ਉਮੀਦਵਾਰ ਸ਼੍ਰੀ ਰਛਪਾਲ ਸਿੰਘ ਅਤੇ ਸ਼੍ਰੀ ਮਨਜੀਤ ਸਿੰਘ ਹਾਜਰ ਰਹੇ, ਪਰ ਨਤੀਜਾ ਘੋਸ਼ਿਤ ਹੋਣ ਉਪਰੰਤ ਸ਼੍ਰੀ ਰਸ਼ਪਾਲ ਸਿੰਘ ਨਤੀਜੇ ਤੇ ਦਸਤਖਤ ਕਰਨ ਤੋਂ ਇਨਕਾਰੀ ਹੈ ਅਤੇ ਮਨਜੀਤ ਸਿੰਘ ਨੇ ਆਪਣੇ ਦਸਤਖਤ ਕਰ ਦਿੱਤੇ।

9) Re-counting ਤੋਂ ਬਾਅਦ ਰਿਟਰਨਿੰਗ ਅਫਸਰ ਸ਼੍ਰੀ ਮਨਿੰਦਰ ਸਿੰਘ ਦੀ ਹਾਜਰੀ ਵਿੱਚ ਪੀ.ਆਰ.ਓ. ਸ਼੍ਰੀ ਪਰਮਿੰਦਰ ਸਿੰਘ ਨੇ Re-counting ਤੋਂ ਬਾਅਦ ਅੰਤਿਕਾ-IX ਅਤੇ ਫਾਰਮ ਨੰ. 9 ਭਰਕੇ ਇਸ ਅਦਾਲਤ ਵਿੱਚ ਪੇਸ਼ ਕੀਤੇ। ਜਿਸ ਮੁਤਾਬਕ ਮਨਜੀਤ ਸਿੰਘ ਨੂੰ 08 ਵੋਟਾਂ ਦੇ ਫਰਕ ਨਾਲ ਜੇਤੂ ਦਰਸਾਇਆ ਗਿਆ ਹੈ। ਇਸ ਤਰਾਂ ਅੰਤਿਕਾ-IX ਅਤੇ ਫਾਰਮ ਨੰ. 9 ਮੁਤਾਬਕ ਸ਼੍ਰੀ ਮਨਜੀਤ ਸਿੰਘ ਨੂੰ ਪਿੰਡ ਅਰਨੀਵਾਲਾ ਵਜੀਰਾ (ਬਲਾਕ ਲੰਬੀ) ਦਾ ਨਵਾਂ ਸਰਪੰਚ ਘੋਸ਼ਿਤ ਕੀਤਾ ਜਾਂਦਾ ਹੈ। ਇਸ ਸਬੰਧੀ ਮਾਨਯੋਗ ਪੰਜਾਬ ਰਾਜ ਚੋਣ ਕਮਿਸ਼ਨ ਜੀ ਨੂੰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ਼੍ਰੀ ਮੁਕਤਸਰ ਸਾਹਿਬ ਰਾਹੀਂ ਨੋਟੀਫਿਕੇਸ਼ਨ ਕਰਵਾਉਣ ਹਿੱਤ ਲਿਖਿਆ ਜਾਵੇ। ਇਸ ਤੋਂ ਇਲਾਵਾ ਵੋਟਾਂ ਦਾ ਰਿਕਾਰਡ ਸਹੀ ਤਰੀਕੇ ਨਾਲ ਜਮਾਂ ਨਾ ਕਰਵਾਉਣ ਤੇ ਅਣਗਹਿਲੀ ਕਰਨ ਦੀ ਸੂਰਤ ਵਿੱਚ ਸਬੰਧਤ ਰਿਟਰਨਿੰਗ ਅਫਸਰ, ਪ੍ਰਜਾਈਡਿੰਗ ਅਫਸਰ ਅਤੇ ਕਾਉਂਟਿੰਗ ਸਟਾਫ ਦੀ ਵਖਰੇ ਤੋਰ ਤੇ ਜਵਾਬ ਤਲਬ ਕੀਤਾ ਜਾਵੇ। ਹੁਕਮ ਸੁਣਾਇਆ ਗਿਆ। ਮਿਸਲ ਬਾਦ ਪੂਰਤੀ ਦਾਖਲ ਰਿਕਾਰਡ ਰੂਮ ਹੋਵੇ।

ਸਹੀ/-

ਮਿਤੀ 16 ਜੂਨ, 2025

ਉਪ ਮੰਡਲ ਮੈਜਿਸਟਰੇਟ
-ਕਮ-ਚੋਣ ਟ੍ਰਿਬਿਊਨਲ
ਮਲੋਟ (ਕੈਂਪ ਐਟ ਲੰਬੀ)।

3495/9-2025/Pb. Govt. Press, S.A.S. Nagar